# ਆਓ ਗੱਲ ਕਰੀਏ...

## ਰੇਡੀਏਸ਼ਨ ਥੈਰੇਪੀ ਲਈ ਤਿਆਰ ਕਰਨਾ

### ਰੇਡੀਏਸ਼ਨ:

ਇੱਕ ਟਿਊਮਰ ਸਿਹਤਵਿਰੋਧੀ ਕੈਂਸਰ ਸੈੱਲਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਇਕੱਠੇ ਜੁੜੇ ਹੁੰਦੇ ਹਨ। ਇਹ ਸੈੱਲ ਇੱਕ ਹੀ ਥਾਂ ਤੇ ਠਹਿਰੇ ਹੋਏ ਜਾਂ ਸਰੀਰ ਦੇ ਹੋਰਨਾਂ ਭਾਗਾਂ ਵਿੱਚ ਫੈਲੇ ਹੋਏ ਹੋ ਸਕਦੇ ਹਨ। ਰੇਡੀਏਸ਼ਨ ਇੱਕ ਇਲਾਜ ਹੈ ਜੋ ਕੈਂਸਰ ਸੈੱਲਾਂ ਦੇ ਵਾਧੇ ਨੂੰ ਹੌਲੀ ਕਰਨ ਲਈ ਅਦਿੱਖ ਊਰਜਾ ਕਿਰਨਾਂ ਦੀ ਵਰਤੋਂ ਕਰਦਾ ਹੈ। ਤੁਸੀਂ ਊਰਜਾ ਦੀਆਂ ਕਿਰਨਾਂ ਨੂੰ ਵੇਖ ਜਾਂ ਮਹਿਸੂਸ ਨਹੀਂ ਕਰ ਸਕਦੇ।

ਇਲਾਜ ਆਰੰਭ ਕਰਨ ਤੋਂ ਪਹਿਲਾਂ, ਇਲਾਜ ਯੋਜਨਾ ਨੂੰ ਬਣਾਉਣ ਵਿੱਚ ਮਦਦ ਲਈ ਇੱਕ **Computed Tomography (CT) ਸਿਮੂਲੇਸ਼ਨ** ਲੋੜੀਂਦੀ ਹੁੰਦੀ ਹੈ। CT ਸਿਮੂਲੇਸ਼ਨ ਨੂੰ "ਰੇਡੀਏਸ਼ਨ ਮੈਪਿੰਗ" ਵੀ ਕਿਹਾ ਜਾਂਦਾ ਹੈ ਅਤੇ ਇਹ ਮੈਡੀਕਲ ਟੀਮ ਦੀ ਇਸ ਗੱਲ ਵਿੱਚ ਮਦਦ ਕਰਦੀ ਹੈ ਕਿ ਰੇਡੀਏਸ਼ਨ ਕਿੱਥੇ ਕਰਨ ਦੀ ਲੋੜ ਹੈ।

### ਦਿਮਾਗ ਵਿੱਚ ਟਿਊਮਰਾਂ ਲਈ:

ਜੇਕਰ ਟਿਊਮਰ ਦਿਮਾਗ ਵਿੱਚ ਹੈ, ਤਾਂ ਤੁਸੀਂ CT ਟੇਬਲ ਤੇ ਸਿੱਧੇ ਲੇਟੋਗੇ ਜਦੋਂਕਿ ਸਟਾਫ ਦੋ ਵਿਸ਼ੇਸ਼ ਸੰਦਾਂ ਨੂੰ ਤਿਆਰ ਕਰਨ ਵਿੱਚ ਮਦਦ ਕਰਦਾ ਹੈ।

- **ਨੈੱਕ ਮੋਲਡ:** ਤੁਸੀਂ ਪਾਣੀ ਨਾਲ ਭਰੇ ਇੱਕ ਨਰਮ ਬੀਨਬੈਗ ਤੇ ਲੇਟੋਗੇ। ਜਿਵੇਂ ਹੀ ਇਹ ਸੁੱਕ ਜਾਂਦਾ ਹੈ, ਇਹ ਗਲੇ ਦਾ ਪੂਰਾ ਅਕਾਰ ਹਾਸਲ ਕਰ ਲੈਂਦਾ ਹੈ।
- **ਇੱਕ ਰੇਡੀਏਸ਼ਨ ਮਾਸਕ:** ਇਹ ਮੇਸ਼ ਪਲਾਸਟਿਕ ਦਾ ਬਣਿਆ ਹੁੰਦਾ ਹੈ ਜਿਸ ਵਿੱਚ ਛੋਟੇ ਸੁਰਾਖ ਹੁੰਦੇ ਹਨ ਤਾਂ ਕਿ ਤੁਸੀਂ ਆਸਾਨੀ ਨਾਲ ਸਾਹ ਲੈ ਸਕੋ। ਪਲਾਸਟਿਕ ਗਰਮ ਹੋ ਜਾਂਦਾ ਹੈ ਇਸ ਲਈ ਇਹ ਨਰਮ ਹੁੰਦਾ ਹੈ, ਫਿਰ ਆਰਾਮ ਨਾਲ ਚਿਹਰੇ ਉੱਪਰ ਉਸੇ ਅਕਾਰ ਵਿੱਚ ਲਗਾ ਦਿੱਤਾ ਜਾਂਦਾ ਹੈ। CT ਸਕੈਨ ਦੌਰਾਨ ਇਸਨੂੰ ਠੰਡਾ ਅਤੇ ਸਖਤ ਹੋਣ ਲਈ ਟੇਬਲ ਨਾਲ ਕਲਿੱਪ ਕੀਤਾ ਹੁੰਦਾ ਹੈ।
- **ਸੰਦਾਂ ਨੂੰ ਸੰਭਾਲਣਾ:** ਰੇਡੀਏਸ਼ਨ ਯੂਨਿਟ ਤੁਹਾਡੇ ਮਾਸਕ ਅਤੇ ਮੋਲਡ ਨੂੰ ਹਰ ਮੁਲਾਕਾਤ ਲਈ ਸੰਭਾਲ ਕੇ ਰੱਖਦਾ ਹੈ। ਇੱਕ ਵਾਰ ਜਦੋਂ ਤੁਸੀਂ ਆਪਣੇ ਸਾਰੇ ਇਲਾਜ ਮੁਕਾ ਲੈਂਦੇ ਹੋ, ਮਾਸਕ ਨੂੰ ਘਰ ਲਿਜਾਇਆ ਜਾ ਸਕਦਾ ਹੈ। ਤੁਸੀਂ ਆਪਣੇ child life specialist ਨੂੰ ਇਸਨੂੰ ਸਜਾਉਣ ਦੇ ਢੰਗਾਂ ਲਈ ਵੀ ਪੁੱਛ ਸਕਦੇ ਹੋ।

**ਹੋਰ ਜਾਣਕਾਰੀ ਲਈ ਜਾਂ Child Life Specialist ਨਾਲ ਸੰਪਰਕ ਕਰਨ ਲਈ ਕਿਰਪਾ ਕਰਕੇ ਇਸ ਵੈੱਬਸਾਈਟ ਤੇ ਜਾਓ: http://ucdavis.health/childlife**

### ਬਾਕੀ ਸਾਰੇ ਟਿਊਮਰਾਂ ਲਈ:

ਸਰੀਰ ਦੇ ਹੋਰਨਾਂ ਭਾਗਾਂ ਵਿੱਚ ਟਿਊਮਰਾਂ ਲਈ, ਤੁਸੀਂ CT ਟੇਬਲ ਉੱਪਰ ਵੀ ਲੇਟੋਗੇ ਅਤੇ ਸਟਾਫ ਇਲਾਜ ਲਈ ਸੰਦ ਤਿਆਰ ਕਰਨ ਵਿੱਚ ਸਹਾਇਤਾ ਕਰੇਗਾ।

- **ਇੱਕ ਬਾਡੀ ਮੋਲਡ:** ਤੁਸੀਂ ਇੱਕ ਵੱਡੇ ਕੋਮਲ ਬੀਨਬੈਗ ਉੱਪਰ ਲੇਟੋਗੇ। ਇੱਕ ਵੈਕਿਊਮ, ਬੈਗ ਵਿੱਚੋਂ ਹਵਾ ਨੂੰ ਸੋਖ ਕੇ, ਇਸਨੂੰ ਸਖਤ ਬਣਾ ਦਿੰਦਾ ਹੈ। ਇਹ ਤੁਹਾਡੇ ਸਰੀਰ ਦਾ ਇੱਕ ਸਟੀਕ ਮੋਲਡ ਤਿਆਰ ਕਰ ਦਿੰਦਾ ਹੈ, ਇਸ ਲਈ ਤੁਸੀਂ ਹਰੇਕ ਇਲਾਜ ਲਈ ਉਸੇ ਇੱਕ ਸਮਾਨ ਥਾਂ ਤੇ ਜਾ ਠਹਿਰਦੇ ਹੋ।
- **ਸਕਿਨ ਮਾਰਕਸ:** ਟੀਮ ਵਿਸ਼ੇਸ਼ ਸਟਿੱਕਰਾਂ ਜਾਂ ਛੋਟੇ ਪੱਕੇ ਨਿਸ਼ਾਨਾਂ (ਜਿਵੇਂ ਕਿ ਛੋਟਾ ਬਿੰਦੂ) ਦੀ ਵਰਤੋਂ ਤੁਹਾਡੀ ਚਮੜੀ 'ਤੇ ਕਰੇਗੀ। ਇਹ "ਸਥਾਨ ਤੇ X ਨਿਸ਼ਾਨ" ਵਜੋਂ ਕੰਮ ਕਰਦਾ ਹੈ ਜੋ ਹਰ ਵਾਰ ਮਸ਼ੀਨ ਨੂੰ ਸਟੀਕਤਾ ਨਾਲ ਲਾਈਨ ਅਪ ਕਰਨ ਵਿੱਚ ਮਦਦ ਕਰਦਾ ਹੈ।
- **CT ਸਕੈਨ:** ਸੰਦਾਂ ਨੂੰ ਰਚਣ ਤੋਂ ਬਾਅਦ, ਤੁਸੀਂ CT ਸਕੈਨਰ (ਟੇਬਲ ਉੱਪਰ ਲੇਟਿਆਂ ਲੇਟਿਆਂ) ਲੋੜ ਅਨੁਸਾਰ ਨਿਸ਼ਾਨ ਦੀ ਸਥਿਤੀ ਠੀਕ ਕਰਨ ਲਈ ਅੰਦਰ ਆ ਅਤੇ ਬਾਹਰ ਜਾ ਸਕਦੇ ਹੋ।

### CT ਸਿਮੂਲੇਸ਼ਨ ਮੁਲਾਕਾਤ ਲਈ ਮਰੀਜ਼ਾਂ ਨੂੰ ਲੋੜੀਂਦੀ ਐਨਸਥੀਸੀਆ:

ਜੇਕਰ ਤੁਹਾਡੇ ਬੱਚੇ ਨੂੰ CT ਸਕੈਨ ਕਰਵਾਉਣ ਵਾਸਤੇ ਸੁਆਉਣ ਲਈ ਦਵਾਈ (ਐਨਸਥੀਸੀਆ) ਦੀ ਲੋੜ ਹੈ, ਤਾਂ ਉਹ ਇਸਨੂੰ ਮੋਲਡ ਜਾਂ ਮਾਸਕ ਬਣਾਉਣ ਤੋਂ ਪਹਿਲਾਂ ਪ੍ਰਾਪਤ ਕਰ ਸਕਦੇ ਹਨ। ਮਾਂ-ਬਾਪ ਆਪਣੇ ਬੱਚੇ ਨਾਲ ਠਹਿਰ ਸਕਦੇ ਹਨ ਜਦੋਂ ਉਹ ਇਸ ਦਵਾਈ ਨੂੰ ਪ੍ਰਾਪਤ ਕਰਦੇ ਹਨ। ਬਹੁਤ ਸਾਰੇ ਸਕੂਲੀ-ਉਮਰ ਵਾਲੇ ਬੱਚੇ ਅਤੇ ਨੌਜਵਾਨ ਐਨਸਥੀਸੀਆ ਤੋਂ ਬਗੈਰ ਸਕੈਨ ਕਰਵਾ ਸਕਦੇ ਹਨ ਜੇਕਰ ਉਹਨਾਂ ਨੂੰ ਪਹਿਲਾਂ ਤਿਆਰੀ ਪ੍ਰਦਾਨ ਕੀਤੀ ਗਈ ਹੋਵੇ। ਤੁਸੀਂ ਪੁੱਛ ਸਕਦੇ ਹੋ ਕਿ ਕੀ ਇੱਕ "child life specialist" ਉਪਲੱਬਧ ਹੈ। ਉਹ ਮਾਹਿਰ ਹੁੰਦੇ ਹਨ ਜੋ ਬੱਚਿਆਂ ਨੂੰ ਇਹ ਸਮਝਾਉਣ ਵਿੱਚ ਮਦਦ ਕਰਦੇ ਹਨ ਕਿ ਕਿਸ ਗੱਲ ਦੀ ਆਸ ਕਰਨੀ ਹੈ ਅਤੇ ਮਰੀਜ਼ਾਂ ਨਾਲ ਇਕੱਠਿਆਂ ਕੰਮ ਕਰਦਿਆਂ ਨਿਪਟਾਰੇ ਦੀਆਂ ਯੋਜਨਾਵਾਂ ਬਣਾਉਣੀਆਂ ਹਨ।

CT ਸਕੈਨ ਹੋ ਜਾਣ ਤੋਂ ਬਾਅਦ, ਤੁਸੀਂ ਇੱਕ ਚੈੱਕ-ਇਨ ਕਾਰਡ ਅਤੇ ਭਵਿੱਖਤ ਸਾਰੀਆਂ ਮੁਲਾਕਾਤਾਂ ਦੀਆਂ ਮਿਤੀਆਂ ਅਤੇ ਸਮਿਆਂ ਦੀ ਸੂਚੀ ਪ੍ਰਾਪਤ ਕਰੋਗੇ। ਤੁਹਾਡੀ ਅਗਲੀ ਮੁਲਾਕਾਤ ਰੇਡੀਏਸ਼ਨ ਇਲਾਜ ਦਾ ਪਹਿਲਾ ਦਿਨ ਹੋਵੇਗੀ।

# ਆਓ ਗੱਲ ਕਰੀਏ...


## ਰੇਡੀਏਸ਼ਨ ਥੈਰੇਪੀ ਮੁਲਾਕਾਤਾਂ:

- ਤੁਹਾਡੇ ਚੈੱਕ-ਇਨ ਕਰਨ ਤੋਂ ਬਾਅਦ, ਇੱਕ ਸਟਾਫ ਮੈਂਬਰ ਤੁਹਾਨੂੰ ਇਲਾਜ ਵਾਲੇ ਕਮਰੇ ਵਿੱਚ ਲੈ ਕੇ ਜਾਏਗਾ। ਤੁਸੀਂ ਸੁਣਨ ਲਈ ਸੰਗੀਤ ਨੂੰ ਚੁਣ ਸਕਦੇ ਹੋ ਅਤੇ ਕਮਰੇ ਲਈ ਇੱਕ ਮਨੋਰੰਜਕ ਰੰਗ ਵੀ ਚੁਣ ਸਕਦੇ ਹੋ।
- ਕਮਰੇ ਵਿੱਚ ਤੁਹਾਡੇ CT ਸਕੈਨ ਦੌਰਾਨ ਬਣਾਏ ਗਏ ਸੰਦ ਹੋਣਗੇ। ਤੁਸੀਂ ਇਲਾਜ ਦੀ ਮੇਜ਼ ਉੱਪਰ ਲੇਟੇ ਹੋਵੋਗੇ। ਸਰੀਰ ਨੂੰ ਪੂਰੀ ਤਰ੍ਹਾਂ ਸ਼ਾਂਤ ਅਤੇ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਟੀਮ ਸੰਦਾਂ ਦੀ ਵਰਤੋਂ ਕਰੇਗੀ।
- ਇੱਕ ਵਾਰ ਹਰ ਚੀਜ਼ ਤਿਆਰ ਹੋ ਜਾਣ ਤੇ, ਸਟਾਫ ਅਤੇ ਪਰਿਵਾਰ ਕਮਰੇ ਵਿੱਚੋਂ ਬਾਹਰ ਚਲੇ ਜਾਣਗੇ। ਪਹਿਲੀ ਮੁਲਾਕਾਤ ਲਈ, ਮਾਂ-ਬਾਪ ਬਾਹਰ ਦੇ ਮਾਨੀਟਰ ਤੋਂ ਵੇਖ ਸਕਦੇ ਹਨ। ਉਸ ਤੋਂ ਬਾਅਦ, ਮਾਂ-ਬਾਪ ਲੌਬੀ ਵਿੱਚ ਜਾਂ ਡਰੈੱਸਿੰਗ ਰੂਮ ਵਿੱਚ ਉਡੀਕ ਕਰ ਸਕਦੇ ਹਨ। ਜਿਵੇਂ ਹੀ ਇਲਾਜ ਪੂਰਾ ਹੋ ਜਾਵੇ, ਮਾਂ-ਬਾਪ ਕਮਰੇ ਵਿੱਚ ਵਾਪਸ ਆ ਸਕਦੇ ਹਨ।
- ਤੁਹਾਡੀ ਮੈਡੀਕਲ ਟੀਮ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਕਿੰਨੀਆਂ ਮੁਲਾਕਾਤਾਂ ਦੀ ਲੋੜ ਪਵੇਗੀ ਅਤੇ ਹਰ ਇੱਕ ਮੁਲਾਕਾਤ ਕਿੰਨੀ ਲੰਬੀ ਚੱਲੇਗੀ।

## CT ਸਿਮੂਲੇਸ਼ਨ ਸਕੈਨਰ



## VERSA ਗੋਲਡ ਰੇਡੀਏਸ਼ਨ ਥੈਰੇਪੀ ਰੂਮ



## ਐਨਸਥੀਸੀਆ ਰਿਕਵਰੀ ਏਰੀਆ

